ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥

# ਰਾਈਟ ਐਕਸ਼ਨ

RIGHT ACTION

राईट एक्शन



Editor : Parveen Komal

Year 46 Volume 30 Price 5/- Page 4 Date 11-8-2025 To 17-8-2025 News Editor Abhinav Sharma ,Group Editor : Parveen Komal 90411 16001

# ਬਿਆਸ ਦਰਿਆ ‘ਚ ਪਾਣੀ ਦਾ ਪੱਧਰ ਵਧਿਆ

## ਆਰਜ਼ੀ ਬੰਨ੍ਹ ਟੁੱਟਣ ਕਾਰਨ ਮੰਡ ਖੇਤਰ ਡੁੱਬਿਆ,ਹਜ਼ਾਰਾਂ ਏਕੜ ਫ਼ਸਲ ਤਬਾਹ

**-(ਪਰਵੀਨ ਕੋਮਲ)-**





ਹਿਮਾਚਲ, ਜੰਮੂ-ਕਸ਼ਮੀਰ ‘ਚ ਪਿਛਲੇ ਕੁਝ ਦਿਨਾਂ ਤੋਂ ਭਾਰੀ ਬਰਸਾਤ ਤੇ ਬੱਦਲ ਫਟਣ ਕਾਰਨ ਪੌਂਗ ਡੈਮ ਵਿੱਚ ਪਾਣੀ ਦਾ ਪੱਧਰ ਵਧਣ ਕਾਰਨ ਪਾਣੀ ਬਿਆਸ ਦਰਿਆ ‘ਚ ਛੱਡੇ ਗਏ ਤੇ ਹੁਣ ਬਿਆਸ ਦਰਿਆ ਵਿੱਚ ਵੀ ਪਾਣੀ ਦਾ ਪੱਧਰ ਵੱਧ ਗਿਆ ਹੈ। ਇਸ ਕਾਰਨ ਜ਼ਿਲ੍ਹਾ ਕਪੂਰਥਲਾ ਦਾ ਸੁਲਤਾਨਪੁਰ ਲੋਧੀ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਬਿਆਸ ਦਰਿਆ ਵਿੱਚ ਪਾਣੀ ਦਾ ਪੱਧਰ ਵਧਣ ਕਾਰਨ ਦਰਿਆ ਦੇ ਦੋਵੇਂ ਕੰਢਿਆਂ ਦੇ ਕਿਸਾਨਾਂ ਦੀ ਹਜ਼ਾਰਾਂ ਏਕੜ ਝੋਨੇ ਦੀ ਫ਼ਸਲ ਪਾਣੀ ‘ਚ ਡੁੱਬ ਗਈ ਹੈ।ਭੈਣੀ ਬਹਾਦਰ ਤੋਂ ਦਰਿਆ ਬਿਆਸ ਦਾ ਆਰਜ਼ੀ ਬੰਨ੍ਹ ਪਾਣੀ ਦਾ ਪੱਧਰ ਵਧਣ ਕਾਰਨ ਟੁੱਟ ਗਿਆ ਹੈ, ਜਿਸ ਕਾਰਨ ਹੜ੍ਹ ਦੀ ਸਥਿਤੀ ਨਾਜ਼ੁਕ ਬਣੀ ਹੋਈ ਹੈ। ਡੈਮ ‘ਚ ਲਗਾਤਾਰ ਵਾਧੂ ਪਾਣੀ ਆਉਣ ਕਾਰਨ ਡੈਮ ਦੀ ਸੁਰੱਖਿਆ ਨੂੰ ਪਹਿਲ ਦਿੱਤੀ ਜਾਵੇ। ਇਸ ਕਾਰਨ ਬਿਆਸ ਦਰਿਆ ਦੇ ਪਾਣੀ ਦਾ ਪੱਧਰ ਵਧ ਗਿਆ ਹੈ।ਇਸ ਕਾਰਨ ਨੇੜਲੇ ਇਲਾਕੇ ਦੇ ਲੋਕਾਂ ਵਿੱਚ ਸਹਿਮ ਦਾ ਮਾਹੌਲ ਹੈ।ਪਿੰਡ ਮੰਡ ਮੁਹੰਮਦਾਬਾਦ, ਬਾਊਪੁਰ, ਸਾਂਗਰਾ,ਪੱਸਣ ਕਦੀਮ, ਸ਼ਾਦੁੱਲਾਪੁਰ, ਆਦਿ ਪਿੰਡਾਂ ਦੀ ਹਜ਼ਾਰਾਂ ਏਕੜ ਝੋਨੇ ਦੀ ਫ਼ਸਲ ਪਾਣੀ ‘ਚ ਡੁੱਬ ਗਈ ਹੈ। ਕਿਸਾਨਾਂ ਵੱਲੋਂ ਫ਼ਸਲਾਂ ਨੂੰ ਬਚਾਉਣ ਲਈ ਬਣਾਏ ਗਏ ਆਰਜ਼ੀ ਬੰਨ੍ਹ ਵੀ ਟੁੱਟ ਗਏ ਹਨ। ਪਾਣੀ ਦੇ ਤੇਜ਼ ਵਹਾਅ ਕਾਰਨ ਪਾਣੀ ਘਰਾਂ ‘ਚ ਵੜ੍ਹ ਗਿਆ, ਜਿਸ ਕਾਰਨ ਕਿਸਾਨਾਂ ਦੇ ਘਰ, ਫਸਲਾਂ, ਮਸ਼ੀਨਾਂ, ਪਸ਼ੂ ਵੀ ਪਾਣੀ ‘ਚ ਡੁੱਬ ਰਹੇ ਹਨ। ਅਜੇ ਤੱਕ ਪ੍ਰਸ਼ਾਸਨ ਨੇ ਇਨ੍ਹਾਂ ਨੂੰ ਸੁਰੱਖਿਅਤ ਥਾਵਾਂ ‘ਤੇ ਪਹੁੰਚਾਉਣ ਲਈ ਕੋਈ ਕਦਮ ਨਹੀਂ ਚੁੱਕਿਆ, ਜਿਸ ਕਾਰਨ ਕਿਸਾਨਾਂ ‘ਚ ਭਾਰੀ ਰੋਸ ਹੈ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਸਾਡੀ ਦਰਿਆ ਬਿਆਸ ਦੇ ਪਾਣੀ ਦੇ ਨਾਲ ਬਰਬਾਦ ਹੋਈ ਫ਼ਸਲ ਦਾ ਮੁਆਵਜ਼ਾ ਦਿੱਤਾ ਜਾਵੇ।

# ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਦਿੱਤਾ ਡੰਡਾ ਹਨੀ ਸਿੰਘ ਤੇ ਕਰਨ ਔਜਲਾ ਨੇ ਰਗੜਿਆ ਨੱਕ





(ਪੂਨਮ ਸਿੱਧੂ)

ਪੰਜਾਬੀ ਗਾਇਕ ਕਰਨ ਔਜਲਾ ਅਤੇ ਯੋ ਯੋ ਹਨੀ ਸਿੰਘ ਨੇ ਆਪਣੇ ਗੀਤਾਂ ਵਿੱਚ ਵਰਤੀ ਗਲਤ ਸ਼ਬਦਾਵਲੀ ਲਈ ਪੰਜਾਬ ਮਹਿਲਾ ਕਮਿਸ਼ਨ ਤੋਂ ਮੁਆਫ਼ੀ ਮੰਗ ਲਈ ਹੈ। ਇਹ ਦਾਅਵਾ ਪੰਜਾਬ ਮਹਿਲਾ ਕਮਿਸ਼ਨ ਲਾਲੀ ਗਿੱਲ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਦੋਵੇਂ ਗਾਇਕਾਵਾਂ ਵਿਦੇਸ਼ ਵਿੱਚ ਹਨ। ਦੋਵਾਂ ਨੇ ਫ਼ੋਨ ‘ਤੇ ਕਿਹਾ ਹੈ ਕਿ ਜਦੋਂ ਵੀ ਉਹ ਭਾਰਤ ਪਹੁੰਚਣਗੇ, ਉਹ ਕਮਿਸ਼ਨ ਦੇ ਦਫ਼ਤਰ ਆਉਣਗੇ। ਹਾਲਾਂਕਿ, ਉਨ੍ਹਾਂ ਨੇ 15 ਦਿਨ ਦਾ ਸਮਾਂ ਦੇਣ ਦੀ ਮੰਗ ਕੀਤੀ ਹੈ। ਪੰਜਾਬ ਪੁਲਿਸ ਤੋਂ ਏਆਈਜੀ ਯਾਦਵਿੰਦਰ ਸਿੰਘ ਸਿੱਧੂ ਕਮਿਸ਼ਨ ਕੋਲ ਪਹੁੰਚੇ ਸਨ। ਉਨ੍ਹਾਂ ਨੇ ਆਪਣੀ ਰਿਪੋਰਟ ਵੀ ਦਿੱਤੀ ਹੈ। ਇਹ ਵੀ ਕਿਹਾ ਗਿਆ ਹੈ ਕਿ ਦੋਵਾਂ ਗਾਇਕਾਂ ਦੇ ਵਕੀਲ ਜਲਦੀ ਹੀ ਆਪਣਾ ਪੱਖ ਪੇਸ਼ ਕਰਨਗੇ।ਪੰਜਾਬ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ ਨੇ ਕਿਹਾ ਕਿ ਉਨ੍ਹਾਂ ਨੇ ਖੁਦ ਸੋਸ਼ਲ ਮੀਡੀਆ ‘ਤੇ ਹਨੀ ਸਿੰਘ ਅਤੇ ਕਰਨ ਔਜਲਾ ਦੇ ਗਾਣੇ ਸੁਣੇ ਹਨ। ਇਸ ਤੋਂ ਬਾਅਦ ਕਮਿਸ਼ਨ ਨੇ ਇਸ ਮਾਮਲੇ ਵਿੱਚ ਸਖ਼ਤ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਗੀਤ ਜਾਂ ਵੀਡੀਓ ’ਚ ਮਾਵਾਂ ਭੈਣਾਂ ਲਈ ਅਜਿਹੀ ਸ਼ਬਦਾਵਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਦੋਵਾਂ ਗਾਇਕਾ ਨੇ ਮੇਰੇ ਕੋਲੋਂ ਇਨ੍ਹਾਂ ਗੀਤਾਂ ਲਈ ਮੁਆਫ਼ੀ ਵੀ ਮੰਗੀ ਹੈ।

ਕਮਿਸ਼ਨ ਨੇ ਪੁਲਿਸ ਨੂੰ ਲਿਖਿਆ ਹੈ ਕਿ ਹਨੀ ਸਿੰਘ ਦੇ ਗੀਤ ਮਿਲਿਓਨਰ ਵਿੱਚ ਮਹਿਲਾਵਾਂ ਵਿਰੁੱਧ ਇਤਰਾਜ਼ਯੋਗ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ। ਇਸ ਦੇ ਨਾਲ ਹੀ ਕਰਨ ਔਜਲਾ ਦੇ ਗੀਤ ‘ਐਮਐਫ ਗੱਭਰੂ’ ਵਿੱਚ ਮਹਿਲਾਵਾਂ ਲਈ ਵੀ ਅਣਉਚਿਤ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ, ਜੋ ਕਿ ਪੂਰੀ ਤਰ੍ਹਾਂ ਗਲਤ ਹੈ।ਮਹਿਲਾ ਕਮਿਸ਼ਨ ਨੇ ਡੀਜੀਪੀ ਨੂੰ ਹੁਕਮ ਦਿੱਤਾ ਹੈ ਕਿ ਉਹ ਚੰਡੀਗੜ੍ਹ ਦੇ ਪੰਜਾਬ ਪੁਲਿਸ ਦੇ ਇੱਕ ਅਧਿਕਾਰੀ ਨੂੰ ਮਾਮਲੇ ਦੀ ਜਾਂਚ ਕਰਨ ਅਤੇ ਸਖ਼ਤ ਕਾਰਵਾਈ ਕਰਨ ਦਾ ਨਿਰਦੇਸ਼ ਦੇਣ। ਪੁਲਿਸ ਦੋਵਾਂ ਗਾਇਕਾਂ ਵਿਰੁੱਧ ਕੀਤੀ ਗਈ ਕਾਰਵਾਈ ਬਾਰੇ ਅੱਜ ਕਮਿਸ਼ਨ ਨੂੰ ਰਿਪੋਰਟ ਵੀ ਦੇਵੇਗੀ।ਰਾਜ ਲਾਲੀ ਗਿੱਲ ਨੇ ਅੱਗੇ ਕਿਹਾ ਕਿ 'ਇਹ ਮਨੋਰੰਜਨ ਨਹੀਂ ਹੈ, ਅਜਿਹੇ ਗੀਤ ਸਮਾਜ 'ਤੇ ਡੂੰਘਾ ਪ੍ਰਭਾਵ ਛੱਡਦੇ ਹਨ। ਅਸੀਂ ਪੰਜਾਬ ਦੀ ਧਰਤੀ ਨੂੰ ਅਜਿਹੇ ਗੀਤਾਂ ਵਿੱਚ ਵਰਤਣ ਦੀ ਇਜਾਜ਼ਤ ਨਹੀਂ ਦੇਵਾਂਗੇ। ਸਿਰਫ਼ ਮਹਿਲਾ ਕਮਿਸ਼ਨ ਹੀ ਨਹੀਂ, ਹਰ ਕਿਸੇ ਨੂੰ ਅਜਿਹੇ ਗੀਤਾਂ 'ਤੇ ਇਤਰਾਜ਼ ਉਠਾਉਣ ਦਾ ਅਧਿਕਾਰ ਹੈ। ਕੋਈ ਵੀ ਇਸਨੂੰ ਖੁਦ ਉਠਾ ਸਕਦਾ ਹੈ। ਹਰ ਕਿਸੇ ਨੂੰ ਅਜਿਹੀ ਭਾਸ਼ਾ ਦੀ ਵਰਤੋਂ ਵਿਰੁੱਧ ਖੜ੍ਹਾ ਹੋਣਾ ਚਾਹੀਦਾ ਹੈ। ਅਸੀਂ ਉਸਨੂੰ ਨੋਟਿਸ ਜਾਰੀ ਕੀਤਾ ਹੈ ਅਤੇ 11 ਅਗਸਤ ਨੂੰ ਬੁਲਾਇਆ ਹੈ। ਹਾਲਾਂਕਿ, ਮੈਨੂੰ ਪਤਾ ਹੈ ਕਿ ਉਹ ਇਸ ਸਮੇਂ ਭਾਰਤ ਵਿੱਚ ਨਹੀਂ ਹੈ। ਇਸ ਲਈ, ਅਸੀਂ ਉਸਨੂੰ ਪੇਸ਼ ਕਰਨ ਲਈ ਡੀਜੀਪੀ ਨੂੰ ਵੀ ਲਿਖਿਆ ਹੈ। ਅਸੀਂ ਗੀਤਾਂ ਵਿੱਚ ਇਸ ਤਰ੍ਹਾਂ ਦੀ ਭਾਸ਼ਾ ਦੀ ਵਰਤੋਂ ਨਹੀਂ ਹੋਣ ਦੇਵਾਂਗੇ।

## ਪੰਡਿਤ ਹਰੀ ਦੇਵ ਸ਼ਾਸਤਰੀ ਸ਼੍ਰੀ ਹਿੰਦੂ ਤਖਤ ਦੇ ਆਗੂ ਨਿਯੁਕਤ



ਅਖਿਲ ਭਾਰਤੀ ਹਿੰਦੂ ਸੁਰੱਖਿਆ ਕਮੇਟੀ ਦੀ ਇੱਕ ਮੀਟਿੰਗ ਪੰਡਿਤ ਹਰੀ ਦੇਵ ਸ਼ਾਸਤਰੀ ਜੀ ਦੇ ਘਰ ਮੋਰਾ ਵਾਲੀ ਗਲੀ, ਪਟਿਆਲਾ ਵਿਖੇ ਹੋਈ ! ਮੀਟਿੰਗ ਵਿੱਚ ਕਮੇਟੀ ਮੁਖੀ ਰਾਜੇਸ਼ ਕੇਹਰ ਨੇ ਸਰਬਸੰਮਤੀ ਨਾਲ ਪੰਡਿਤ ਹਰਦੇਵ ਸ਼ਾਸਤਰੀ ਜੀ ਨੂੰ ਹਿੰਦੂ ਸੁਰੱਖਿਆ ਕਮੇਟੀ ਅਤੇ ਸ਼੍ਰੀ ਹਿੰਦੂ ਤਖ਼ਤ ਦਾ ਰਾਸ਼ਟਰੀ ਧਾਰਮਿਕ ਆਗੂ ਨਿਯੁਕਤ ਕੀਤਾ। ਇਸ ਮੌਕੇ ਕਮੇਟੀ ਆਗੂ ਰਾਜੇਸ਼ ਕੇਹਰ, ਸਾਂਤੀ ਗਿੱਲ, ਡਾਕਟਰ ਰਾਜੇਸ਼, ਅਕਸ਼ੈ ਬੌਬੀ, ਰਜਨੀਸ਼ ਢੀਂਗੀ, ਬਲਰਾਜ ਸ਼ਰਮਾ, ਮੈਦਾਨ ਗਿਰੀ ਸਮੇਤ ਦਰਜਨਾਂ ਵਰਕਰ ਮੌਜੂਦ ਸਨ।

**“Printed, Published and Owned by Editor Parveen Komal at Shaheed e Azam Printing Press opposite Gurdwara sri Dukhniwaran sahib, Sarhind road Patiala. Published from 103/4 Old bishan Nagar Patiala. Registered with the RNI under Registration Number 51405/91. Language: Punjabi. Periodicity: Weekly”**

# ਲਵ ਮੈਰਿਜ ਕਰਨ ਵਾਲੇ ਮੁੰਡੇ-ਕੁੜੀਆਂ ਦਾ ਪੰਜਾਬ ਦੇ ਪਿੰਡਾਂ 'ਚ ਕੀਤਾ ਜਾ ਰਿਹਾ ਬਾਈਕਾਟ, ਪ੍ਰੇਮੀਆਂ ਲਈ ਮੁਸੀਬਤ ਬਣੇ ਪੰਚਾਇਤੀ ਮਤੇ





**ਪਟਿਆਲਾ ਜ਼ਿਲ੍ਹੇ ਦੇ ਪਿੰਡ ਗਲਵੱਟੀ , ਫਰੀਦਕੋਟ ਜ਼ਿਲ੍ਹੇ ਦੇ ਪਿੰਡ ਸਿਰਸੜੀ ਅਤੇ ਅਨੋਖਪੁਰਾ ਵਿੱਚ ਤੇ ਜ਼ਿਲ੍ਹਾ ਮੁਹਾਲੀ ਦੇ ਪਿੰਡ ਮਾਣਕਪੁਰ ਸ਼ਰੀਫ ਵਿੱਚ ਮੁੰਡੇ-ਕੁੜੀਆਂ ਵੱਲੋਂ ਇੱਕੋਂ ਪਿੰਡ ਵਿੱਚ ਲਵ ਮੈਰਿਜ ਕਰਵਾਉਣ ਉੱਤੇ ਸਮਾਜਿਕ ਬਾਈਕਾਟ ਕਰਨ ਦਾ ਮਤਾ ਪਾਇਆ ਗਿਆ ਹੈ।**




ਪਟਿਆਲਾ ਜ਼ਿਲ੍ਹੇ ਦੇ ਪਿੰਡ ਗਲਵੱਟੀ ਦੇ ਰਹਿਣ ਵਾਲੇ 28 ਸਾਲਾ ਨੌਜਵਾਨ ਤਰਨਜੀਤ ਸਿੰਘ ਨੇ 2016 ਵਿੱਚ ਆਪਣੇ ਹੀ ਪਿੰਡ ਦੀ ਇੱਕ ਕੁੜੀ ਨਾਲ ਘਰ ਤੋਂ ਭੱਜ ਕੇ ਪ੍ਰੇਮ ਵਿਆਹ ਕਰਵਾਇਆ ਸੀ। ਕੁਝ ਸਾਲ ਪਿੰਡ ਤੋਂ ਬਾਹਰ ਰਹਿਣ ਤੋਂ ਬਾਅਦ ਤਰਨਜੀਤ ਸਿੰਘ ਅਤੇ ਉਨ੍ਹਾਂ ਦੇ ਪਤਨੀ ਦੋ ਸਾਲ ਪਹਿਲਾਂ ਮੁੜ ਆਪਣੇ ਪਿੰਡ ਵਿੱਚ ਹੀ ਆ ਕੇ ਰਹਿਣ ਲੱਗ ਗਏ ਸਨ।

ਪਰ ਹੁਣ ਕੁਝ ਦਿਨ ਪਹਿਲਾਂ ਪਿੰਡ ਦੀ ਪੰਚਾਇਤ ਅਤੇ ਆਮ ਨਾਗਰਿਕਾਂ ਨੇ ਇਕੱਠੇ ਦਸਤਖ਼ਤ ਕਰਕੇ ਇਸ ਜੋੜੇ ਨੂੰ ਪਿੰਡ ਛੱਡ ਕੇ ਚਲੇ ਜਾਣ ਦਾ ਹੁਕਮ ਸੁਣਾਇਆ ਹੈ। ਪਰ ਤਰਨਜੀਤ ਅਤੇ ਉਨ੍ਹਾਂ ਦੇ ਪਤਨੀ ਪਿੰਡ ਛੱਡ ਕੇ ਜਾਣ ਲਈ ਰਾਜ਼ੀ ਨਹੀਂ ਹਨ। ਉਹ ਪੰਚਾਇਤ ਦੇ ਇਸ ਹੁਕਮ ਖਿਲਾਫ ਕਾਨੂੰਨੀ ਕਾਰਵਾਈ ਦੀ ਮੰਗ ਕਰ ਰਹੇ ਹਨ।

ਇਹ ਕਹਾਣੀ ਪੰਜਾਬ ਦੇ ਇੱਕ ਪਿੰਡ ਦੀ ਨਹੀਂ ਹੈ, ਇਸ ਤੋਂ ਇਲਾਵਾ ਵੀ ਅਜਿਹੇ ਮਤੇ ਕਈ ਪਿੰਡਾਂ ਦੀਆਂ ਪਾਏ ਗਏ ਹਨ।

ਇੱਕੋ ਪਿੰਡ ਦੇ ਮੁੰਡਾ-ਕੁੜੀ ਜਾਂ ਪਿੰਡ ਦੀ ਨੂੰਹ ਵੱਲੋਂ ਪਿੰਡ ਦੇ ਹੀ ਕਿਸੇ ਮੁੰਡੇ ਨਾਲ ਵਿਆਹ ਕਰਵਾਉਣ ਦਾ ਵਿਰੋਧ ਕਰਦਿਆਂ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਸਿਰਸੜੀ ਅਤੇ ਅਨੋਖਪੁਰਾ ਦੀਆਂ ਗ੍ਰਾਮ ਪੰਚਾਇਤਾਂ ਵੱਲੋਂ ਸਾਂਝਾ ਮਤਾ ਪਾਸ ਕੀਤਾ ਗਿਆ ਹੈ।

ਲਿਖਤੀ ਤੌਰ ਉੱਤੇ ਪਾਸ ਕੀਤੇ ਗਏ ਮਤੇ ਵਿੱਚ ਲਿਖਿਆ ਗਿਆ ਹੈ ਕਿ ਪਿੰਡ ਦਾ ਵਸਨੀਕ ਮੁੰਡਾ/ਕੁੜੀ/ਨੂੰਹ ਜੇਕਰ ਪਿੰਡ ਵਿਚ ਵਿਆਹ ਕਰਵਾਉਣਗੇ ਤਾਂ ਸਮੁੱਚੀ ਗ੍ਰਾਮ ਪੰਚਾਇਤ ਅਤੇ ਨਗਰ ਨਿਵਾਸੀਆਂ ਵਲੋਂ ਬਾਈਕਾਟ ਕਰਕੇ ਪੂਰਾ ਵਿਰੋਧ ਕੀਤਾ ਜਾਵੇਗਾ ਅਤੇ ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਅਸੀਂ ਪੰਜਾਬ ਸਰਕਾਰ, ਸਿਵਲ ਪੁਲਿਸ ਪ੍ਰਸ਼ਾਸਨ ਤੋਂ ਮੰਗ ਕਰਦੇ ਹਾਂ ਕਿ ਪੰਜਾਬ ਦੇ ਕਿਸੇ ਵੀ ਪਿੰਡ ਵਿਚ ਮੁੰਡਾ-ਕੁੜੀ ਦੇ ਆਪਸ ਵਿੱਚ ਵਿਆਹ ਕਰਵਾਉਣ ਅਤੇ ਨੂੰਹਾਂ ਦੇ ਪਿੰਡ ਵਿਚ ਹੀ ਵਿਆਹ ਕਰਵਾਉਣ 'ਤੇ ਪਾਬੰਦੀ ਲਾਈ ਜਾਵੇ। ਇਸ ਸਮੱਸਿਆ ਨੂੰ ਪਹਿਲ ਦੇ ਆਧਾਰ 'ਤੇ ਪੰਜਾਬ ਵਿਧਾਨ ਸਭਾ ਵਿਚ ਵਿਚਾਰਿਆ ਜਾਵੇ ਤਾਂ ਜੋ ਅਣਖ ਦੀ ਖ਼ਾਤਰ ਮਰਨ ਵਾਲੇ ਪਰਿਵਾਰ ਇਸ ਮਾਰ ਤੋਂ ਬਚ ਸਕਣ।" ਇਹ ਵੀ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਕਿ ਪਿੰਡ ਵਿਚ ਪਿੰਡ ਦੇ ਵਸਨੀਕ ਹੋਣ ਸਬੰਧੀ ਆਧਾਰ ਕਾਰਡ ਜਾਂ ਵੋਟਰ ਕਾਰਡ ਤੋਂ ਬਿਨ੍ਹਾਂ ਕੋਈ ਵੀ ਵਿਅਕਤੀ ਨਹੀਂ ਰਹਿ ਸਕੇਗਾ।

ਅਜਿਹਾ ਹੀ ਮਤਾ ਮੁਹਾਲੀ ਜ਼ਿਲ੍ਹੇ ਦੇ ਪਿੰਡ ਮਾਣਕਪੁਰ ਸ਼ਰੀਫ ਦੀ ਪੰਚਾਇਤ ਵੱਲੋਂ ਵੀ ਪਾਸ ਕੀਤਾ ਗਿਆ ਹੈ।

ਗਲਵੱਟੀ ਦੀ ਪੰਚਾਇਤ ਵੱਲੋਂ ਦਿੱਤੇ ਪਿੰਡ ਛੱਡਣ ਦੇ ਹੁਕਮ ਦਾ ਸਾਹਮਣਾ ਕਰ ਰਹੇ ਤਰਨਜੀਤ ਸਿੰਘ ਦੱਸਦੇ ਹਨ ਕਿ ਵਿਆਹ ਵੇਲੇ ਉਨ੍ਹਾਂ ਦੀ ਉਮਰ 19 ਸਾਲ ਸੀ ਜਦਕਿ ਉਨ੍ਹਾਂ ਦੀ ਪਤਨੀ ਦੀ ਉਮਰ 20 ਸਾਲ ਸੀ।

ਦੋਵਾਂ ਦਾ ਘਰ ਪਿੰਡ ਦੀ ਇੱਕ ਗਲੀ ਵਿੱਚ ਲਗਭਗ ਆਹਮੋ-ਸਾਹਮਣੇ ਹੀ ਹੈ ਅਤੇ ਦੋਵਾਂ ਦੇ ਪਰਿਵਾਰ ਉਨ੍ਹਾਂ ਦੇ ਵਿਆਹ ਕਰਵਾਉਣ ਦੇ ਫੈਸਲੇ ਤੋਂ ਨਾਖੁਸ਼ ਸਨ।

ਇਸ ਲਈ ਉਨ੍ਹਾਂ ਨੇ ਘਰੋਂ ਭੱਜ ਕੇ ਵਿਆਹ ਕਰਵਾ ਲਿਆ। ਇਸ ਮਗਰੋਂ ਉਹ 5-6 ਸਾਲ ਵੱਖ-ਵੱਖ ਥਾਵਾਂ ਉੱਤੇ ਕਿਰਾਏ 'ਤੇ ਰਹੇ। ਪਰ ਪਿੱਛਲੇ ਦੋ ਸਾਲ ਤੋਂ ਮੁੰਡੇ ਦੇ ਪਰਿਵਾਰ ਨੇ ਉਨ੍ਹਾਂ ਦਾ ਸਾਥ ਦਿੱਤਾ ਅਤੇ ਤਰਨਜੀਤ ਆਪਣੀ ਪਤਨੀ ਨਾਲ ਮੁੜ ਪਿੰਡ ਆ ਕੇ ਰਹਿਣ ਲੱਗ ਗਏ ।

ਤਰਨਜੀਤ ਕਹਿੰਦੇ ਹਨ, "ਕਿਸੇ ਵੇਲੇ ਸਾਡੇ ਤੋਂ ਇੱਕ ਗਲਤੀ ਹੋ ਗਈ ਪਰ ਹੁਣ ਅਸੀਂ ਉਸ ਨੂੰ ਕਿਵੇਂ ਬਦਲ ਸਕਦੇ ਹਾਂ। ਹੁਣ ਤਾਂ ਸਾਡੇ ਕੋਲ ਦੋ ਬੱਚੇ ਹਨ, ਸਾਡੇ ਪਿੰਡ ਵਿੱਚ ਰਹਿਣ ਉੱਤੇ ਮੇਰੇ ਪਰਿਵਾਰ ਨੂੰ ਕੋਈ ਪਰੇਸ਼ਾਨੀ ਨਹੀਂ ਹੈ, ਪਰ ਮੇਰੀ ਪਤਨੀ ਦੇ ਪਰਿਵਾਰ ਵਾਲੇ ਸਾਨੂੰ ਧਮਕੀ ਦਿੰਦੇ ਰਹਿੰਦੇ ਹਨ। ਉਹ ਨਹੀਂ ਚਾਹੁੰਦੇ ਕਿ ਅਸੀਂ ਪਿੰਡ ਵਿੱਚ ਰਹੀਏ। ਮੈਂ ਮਜ਼ਦੂਰੀ ਕਰਦਾ ਹਾਂ, ਸਾਡੇ ਦੋ ਬੱਚੇ ਹਨ, ਦੋਵੇਂ ਸਕੂਲ ਜਾਂਦੇ ਹਨ, ਅਸੀਂ ਪਿੰਡ ਛੱਡ ਕੇ ਕਿੱਥੇ ਰਹਾਂਗੇ ਤੇ ਬੱਚਿਆਂ ਦਾ ਪਾਲਣ-ਪੋਸ਼ਣ ਕਿਵੇਂ ਕਰਾਂਗੇ।"

ਤਰਨਜੀਤ ਸਿੰਘ ਦੀ ਘਰ ਵਾਲੀ ਮੁਤਾਬਕ , "ਸਾਨੂੰ ਪਿੰਡ ਛੱਡ ਕੇ ਜਾਣ ਲਈ 30 ਜੁਲਾਈ ਤੱਕ ਦਾ ਸਮਾਂ ਦਿੱਤਾ ਗਿਆ ਸੀ, ਧਮਕਾਇਆ ਵੀ ਗਿਆ ਪਰ ਅਸੀਂ ਇਹ ਘਰ ਛੱਡ ਕੇ ਨਹੀਂ ਜਾ ਸਕਦੇ। ਮੇਰੀ ਜ਼ਿੰਦਗੀ ਦੇ ਫੈਸਲੇ ਕੋਈ ਹੋਰ ਕਿਵੇਂ ਕਰ ਸਦਕਾ ਹੈ, ਪੰਚਾਇਤ ਨੂੰ ਸਾਨੂੰ ਪਿੰਡ ਤੋਂ ਬਾਹਰ ਕੱਢਣ ਦਾ ਕੀ ਹੱਕ ਹੈ।"

ਗਲਵੱਟੀ ਪਿੰਡ ਦੇ ਸਰਪੰਚ ਗੁਰਚਰਨ ਸਿੰਘ ਨੇ ਕਿਹਾ ਕਿ ਜੋੜੇ ਦਾ ਸਮਾਜਿਕ ਬਾਈਕਾਟ ਕਰਨ ਦਾ ਫੈਸਲਾ ਕੁੜੀ ਦੇ ਪਰਿਵਾਰਕ ਮੈਂਬਰਾਂ ਦੀ ਅਪੀਲ ਉੱਤੇ ਕੀਤਾ ਗਿਆ ਹੈ। ਕਿਉਂਕਿ ਇੱਕੋ ਗਲੀ ਵਿੱਚ ਰਹਿਣ ਕਰਕੇ ਹਰ ਵੇਲੇ ਦੋਵਾਂ ਪਰਿਵਾਰਾਂ ਵਿੱਚ ਲੜਾਈ ਝਗੜੇ ਹੋਣ ਦਾ ਡਰ ਬਣਿਆ ਰਹਿੰਦਾ ਹੈ। ਗੁਰਚਰਨ ਸਿੰਘ ਨੇ ਇਹ ਵੀ ਕਿਹਾ ਕਿ ਮੁੰਡੇ ਦੇ ਪਰਿਵਾਰ ਨੂੰ ਪਹਿਲਾਂ ਪਿਆਰ ਨਾਲ ਸਮਝਾਇਆ ਗਿਆ ਸੀ ਕਿ ਪਿੰਡ ਦਾ ਮਾਹੌਲ ਖਰਾਬ ਹੋ ਰਿਹਾ ਹੈ, ਇਸ ਕਰਕੇ ਉਹ ਜੋੜੇ ਨੂੰ ਪਿੰਡ ਤੋਂ ਬਾਹਰ ਜਾਣ ਲਈ ਕਹਿਣ ਅਤੇ ਮੁੰਡੇ ਦੇ ਪਿਤਾ ਕੁਲਵਿੰਦਰ ਸਿੰਘ ਨੇ ਦੋਵਾਂ ਨੂੰ ਪਿੰਡ ਤੋਂ ਬਾਹਰ ਭੇਜਣ ਦਾ ਯਕੀਨ ਵੀ ਦਿਵਾਇਆ ਸੀ। ਪਰ ਉਨ੍ਹਾਂ ਨੇ ਆਪਣਾ ਵਾਅਦਾ ਪੂਰਾ ਨਹੀਂ ਕੀਤਾ, ਜਿਸ ਤੋਂ ਬਾਅਦ ਕੁੜੀ ਦੇ ਪਰਿਵਾਰ ਦੇ ਕਹਿਣ ਉੱਤੇ ਪੂਰੇ ਪਿੰਡ ਨੇ ਸਹਿਮਤੀ ਦਿੱਤੀ ਅਤੇ ਫੇਰ ਇਹ ਫੈਸਲਾ ਲਿਆ ਗਿਆ।

ਸਿਰਸੜੀ ਅਤੇ ਅਨੋਖਪੁਰਾ ਦੀਆਂ ਪੰਚਾਇਤਾਂ ਵੱਲੋਂ ਪਾਸ ਕੀਤੇ ਗਏ ਮਤੇ ਨੂੰ ਚੰਗਾ ਦੱਸਦਿਆਂ 30 ਸਾਲਾ ਬਰਿੰਦਰ ਸਿੰਘ ਨੇ ਸੰਤੁਸ਼ਟੀ ਜ਼ਾਹਰ ਕੀਤੀ। ਉਸ ਦੀ ਪਤਨੀ ਪਿਛਲੇ ਕਈ ਦਿਨਾਂ ਤੋਂ ਘਰ ਤੋਂ ਗਾਇਬ ਹੈ। ਬਰਿੰਦਰ ਸਿੰਘ ਮਜ਼ਦੂਰੀ ਕਰਦੇ ਹਨ ਅਤੇ ਪਤਨੀ ਨੂੰ ਯਾਦ ਕਰਕੇ ਰੋ ਰਹੇ ਸਨ। ਉਨ੍ਹਾਂ ਦੱਸਿਆ, "ਮੇਰੀ ਪਤਨੀ ਮੇਰੇ ਸਾਹਮਣੇ ਘਰ ਵਿੱਚ ਰਹਿੰਦੇ 22 ਸਾਲ ਦੇ ਨੌਜਵਾਨ ਨਾਲ ਭੱਜ ਗਈ ਹੈ। ਉਹ ਮੁੰਡਾ ਮੈਨੂੰ ਬਾਈ ਕਹਿ ਕੇ ਬੁਲਾਉਂਦਾ ਸੀ। ਮੇਰੇ ਦੋ ਬੱਚੇ ਹਨ, ਬੱਚੇ ਆਪਣੀ ਮਾਂ ਨੂੰ ਉਡੀਕਦੇ ਹਨ। ਮੇਰੇ ਨਾਲ ਤਲਾਕ ਦੀ ਕੋਈ ਗੱਲ ਨਹੀਂ ਹੋਈ। ਮੇਰਾ ਸਹੁਰਾ ਪਰਿਵਾਰ ਮੇਰੇ ਨਾਲ ਖੜ੍ਹਾ ਹੈ। ਮੈਂ ਹੁਣ ਵੀ ਆਪਣੀ ਪਤਨੀ ਨੂੰ ਕਹਿੰਦਾ ਹਾਂ ਕਿ ਉਹ ਵਾਪਸ ਆ ਜਾਵੇ ਅਤੇ ਆਪਣੇ ਬੱਚੇ ਸੰਭਾਲ ਲਵੇ, ਅਸੀਂ ਕੋਈ ਕਾਰਵਾਈ ਨਹੀਂ ਕਰਾਂਗੇ।"

ਫਰੀਦਕੋਟ ਦੇ ਪਿੰਡ ਸਿਰਸੜੀ ਅਤੇ ਅਨੋਖਪੁਰਾ ਦੇ ਪੰਚਾਇਤ ਮੈਂਬਰਾਂ ਨੇ ਅਜਿਹੇ ਮਤੇ ਪਾਸ ਕਰਨ ਪਿਛਲੇ ਕਈ ਕਾਰਨਾਂ ਦਾ ਹਵਾਲਾ ਦਿੱਤਾ। ਸਿਰਸੜੀ ਪਿੰਡ ਦੇ ਮਹਿਲਾ ਸਰਪੰਚ ਗਿਆਨ ਕੌਰ ਨੇ ਕਿਹਾ ਕਿ ਸਾਡੇ ਪਿੰਡ ਵਿੱਚ 8-9 ਕੇਸ ਅਜਿਹੇ ਹਨ ਜਿਨ੍ਹਾਂ ਵਿੱਚ ਪਿੰਡ ਦੀਆਂ ਨੂੰਹਾਂ ਨੇ ਪਿੰਡ ਦੇ ਹੀ ਹੋਰ ਨੌਜਵਾਨ ਨਾਲ ਭੱਜ ਕੇ ਕਰਵਾ ਲਿਆ ਅਤੇ ਆਪਣੇ ਬੱਚਿਆਂ ਨੂੰ ਘਰਾਂ ਵਿੱਚ ਭੁੱਖਾ ਮਰਨ ਲਈ ਛੱਡ ਦਿੱਤਾ। ਇਸ ਲਈ ਅਸੀਂ ਇਹ ਮਤੇ ਉਨ੍ਹਾਂ ਬੱਚਿਆਂ ਦੀ ਹਾਲਤ ਦੇਖ ਕੇ ਪਾਏ ਹਨ। ਵਿਆਹੁਤਾ ਔਰਤਾਂ ਜਦੋਂ ਬਿਨ੍ਹਾਂ ਤਲਾਕ ਦੇ ਕਿਸੇ ਹੋਰ ਮਰਦ ਨਾਲ ਭੱਜ ਕੇ ਵਿਆਹ ਕਰਵਾ ਲੈਂਦੀਆਂ ਹਨ ਤਾਂ ਪਿੱਛੇ ਬੱਚਿਆਂ ਨੂੰ ਦੇਖਣ ਵਾਲਾ ਕੋਈ ਵੀ ਨਹੀਂ ਹੁੰਦਾ, ਉਹ ਬੱਚੇ ਲੋਕਾਂ ਦੇ ਘਰਾਂ ਵਿੱਚ ਰੋਟੀ ਮੰਗਦੇ ਫਿਰਦੇ ਹਨ। ਪਿੰਡ ਦੇ ਅੰਦਰ ਵਿਆਹਾਂ ਕਰਕੇ ਲੋਕਾਂ ਦੇ ਆਪਸੀ ਝਗੜੇ, ਕਤਲ ਤੱਕ ਦੀ ਨੌਬਤ ਬਣ ਜਾਂਦੀ ਹੈ, ਜਿਸਨੂੰ ਅਸੀਂ ਰੋਕਣਾ ਚਾਹੁੰਦੇ ਹਾਂ।

ਕਾਨੂੰਨੀ ਮਾਹਰਾਂ ਦਾ ਕਹਿਣਾ ਹੈ ਕਿ ਦੋ ਬਾਲਗ ਆਪਣੀ ਮਰਜ਼ੀ ਨਾਲ ਵਿਆਹ ਕਰਵਾ ਸਕਦੇ ਹਨ, ਪੰਚਾਇਤਾਂ ਨੂੰ ਉਨ੍ਹਾਂ ਖਿਲਾਫ ਕਾਰਵਾਈ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਇਹ ਅਦਾਲਤੀ ਪ੍ਰਕਿਰਿਆ ਹੈ, ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਅਜਿਹੇ ਮਤੇ ਪਾਸ ਕਰਨ ਵਾਲੀ ਪੰਚਾਇਤ ਖਿਲਾਫ ਕਾਰਵਾਈ ਹੋ ਸਕਦੀ ਹੈ।

# ਬੱਕਰੀਆਂ ਚਰਾਉਂਦਾ ਸੀ ਖਿੱਚ ਲਿਆ ਮਗਰਮੱਛ ਨੇ ਬਾਂਹ ਫੜਕੇ





ਸ਼ੁੱਕਰਵਾਰ ਦੁਪਹਿਰ ੩ ਵਜੇ, ਬਸੌਨੀ ਦੇ ਝਰਨਪੁਰਾ ਪਿੰਡ ਵਿੱਚ, ਇੱਕ ਮਗਰਮੱਛ ਨੇ ਆਜੜੀ ਵੀਰਭਾਨ ਸਿੰਘ (35) ਦੀ ਇੱਕ ਲੱਤ ਆਪਣੇ ਜਬਾੜਿਆਂ ਵਿੱਚ ਫੜ ਲਈ ਅਤੇ ਉਸਨੂੰ ਚੰਬਲ ਨਦੀ ਵਿੱਚ ਘਸੀਟ ਲਿਆ। ਉਸਨੇ ਮਗਰਮੱਛ ਦੇ ਜਬਾੜਿਆਂ ਨੂੰ ਆਪਣੇ ਦੋਵੇਂ ਹੱਥਾਂ ਨਾਲ ਫੜ ਕੇ ਆਪਣੀ ਲੱਤ ਛੁਡਾਉਣ ਦੀ ਕੋਸ਼ਿਸ਼ ਕੀਤੀ, ਪਰ ਅਸਫਲ ਰਿਹਾ। ਉਸਨੂੰ ਬਚਾਉਣ ਲਈ, ਉਸਦੇ 10 ਸਾਲਾ ਪੁੱਤਰ ਅਜੈਰਾਜ ਨੇ ਮਗਰਮੱਛ ਦੇ ਸਿਰ ਵਿੱਚ ਸੋਟੀ ਮਾਰੀ। ਉਦੋਂ ਹੀ ਆਜੜੀ ਦੀ ਜਾਨ ਬਚਾਈ ਜਾ ਸਕੀ।

ਜ਼ਖਮੀ ਵੀਰਭਾਨ ਸਿੰਘ ਨੂੰ ਬਾਹ ਸੀਐਚਸੀ ਤੋਂ ਐਸਐਨ ਮੈਡੀਕਲ ਕਾਲਜ ਆਗਰਾ ਭੇਜਿਆ ਗਿਆ ਹੈ। ਝਰਨਪੁਰਾ ਪਿੰਡ ਦਾ ਵੀਰਭਾਨ ਸਿੰਘ ਆਮ ਵਾਂਗ ਚੰਬਲ ਦੀਆਂ ਖੱਡਾਂ ਵਿੱਚ ਬੱਕਰੀਆਂ ਚਰਾਉਣ ਗਿਆ ਸੀ।



ਉਸਨੇ ਦੱਸਿਆ ਕਿ ਦੁਪਹਿਰ ੩ ਵਜੇ ਦੇ ਕਰੀਬ, ਉਹ ਬੱਕਰੀਆਂ ਨੂੰ ਪਾਣੀ ਦੇਣ ਲਈ ਨਦੀ ਵਿੱਚ ਲੈ ਗਿਆ ਸੀ। ਜਦੋਂ ਬੱਕਰੀਆਂ ਪਾਣੀ ਪੀ ਰਹੀਆਂ ਸਨ, ਤਾਂ ਉਸਨੇ ਪੀਣ ਲਈ ਇੱਕ ਬੋਤਲ ਵਿੱਚ ਪਾਣੀ ਭਰਨਾ ਸ਼ੁਰੂ ਕਰ ਦਿੱਤਾ।

ਅਚਾਨਕ, ਮਗਰਮੱਛ ਨੇ ਆਪਣੇ ਜਬਾੜਿਆਂ ਵਿੱਚ ਇੱਕ ਲੱਤ ਫੜ ਲਈ ਅਤੇ ਇਸਨੂੰ ਨਦੀ ਵਿੱਚ ਖਿੱਚਣਾ ਸ਼ੁਰੂ ਕਰ ਦਿੱਤਾ। ਵੀਰਭਾਨ ਸਿੰਘ ਨੇ ਮਗਰਮੱਛ ਦੇ ਜਬਾੜੇ ਨੂੰ ਆਪਣੇ ਦੋਵੇਂ ਹੱਥਾਂ ਨਾਲ ਫੜ ਕੇ ਆਪਣੀ ਲੱਤ ਛੁਡਾਉਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਮਗਰਮੱਛ ਨੇ ਉਸਦੀ ਇੱਕ ਉਂਗਲੀ ਨੂੰ ਵੱਢ ਲਿਆ। ਜਦੋਂ ਮਗਰਮੱਛ ਉਸਨੂੰ ਚੰਬਲ ਨਦੀ ਵਿੱਚ ਖਿੱਚ ਰਿਹਾ ਸੀ ਤਾਂ ਨੇੜੇ ਹੀ ਮੌਜੂਦ ਉਸਦੇ ਪੁੱਤਰ ਅਜੈਰਾਜ ਨੇ ਡੰਡੇ ਨਾਲ ਉਸਦੇ ਸਿਰ 'ਤੇ ਵਾਰ ਕੀਤਾ। ਜਿਸ 'ਤੇ ਮਗਰਮੱਛ ਨੇ ਵੀਰਭਾਨ ਸਿੰਘ ਨੂੰ ਛੱਡ ਦਿੱਤਾ ਅਤੇ ਉਹ ਨਦੀ ਤੋਂ ਬਾਹਰ ਨਿਕਲਣ ਵਿੱਚ ਕਾਮਯਾਬ ਹੋ ਗਿਆ। ਹਮਲੇ ਵਿੱਚ ਮਗਰਮੱਛ ਨੇ ਉਸਦੀ ਇੱਕ ਲੱਤ ਦਾ ਮਾਸ ਪਾੜ ਦਿੱਤਾ ਸੀ। ਲੱਤ 'ਤੇ ਕਈ ਥਾਵਾਂ 'ਤੇ ਡੂੰਘੇ ਜ਼ਖ਼ਮ ਹਨ। ਸੂਚਨਾ ਮਿਲਣ 'ਤੇ ਪਰਿਵਾਰਕ ਮੈਂਬਰਾਂ ਨੇ ਉਸਨੂੰ ਇਲਾਜ ਲਈ ਬਾਹ ਸੀਐਚਸੀ ਵਿੱਚ ਦਾਖਲ ਕਰਵਾਇਆ। ਜਿੱਥੋਂ ਉਸਨੂੰ ਐਂਬੂਲੈਂਸ ਰਾਹੀਂ ਐਸਐਨ ਮੈਡੀਕਲ ਕਾਲਜ ਆਗਰਾ ਭੇਜਿਆ ਗਿਆ। ਇਸ ਸਬੰਧੀ ਪੁੱਛਣ 'ਤੇ ਬਾਹ ਦੇ ਰੇਂਜਰ ਕੁਲਦੀਪ ਸਹਾਏ ਪੰਕਜ ਨੇ ਕਿਹਾ ਕਿ ਘਟਨਾ ਦੀ ਜਾਣਕਾਰੀ ਮਿਲਣ 'ਤੇ ਜੰਗਲਾਤ ਵਿਭਾਗ ਦੀ ਟੀਮ ਮੌਕੇ 'ਤੇ ਪਹੁੰਚ ਗਈ ਹੈ। ਪਿੰਡ ਵਾਸੀਆਂ ਨੂੰ ਪਹਿਲਾਂ ਹੀ ਨਦੀ ਦੇ ਕੰਢੇ ਨਾ ਜਾਣ ਦੀ ਹਦਾਇਤ ਦਿੱਤੀ ਗਈ ਸੀ। ਪਰ ਫਿਰ ਵੀ ਉਹ ਲਾਪਰਵਾਹੀ ਵਰਤਣ ਤੋਂ ਨਹੀਂ ਹਟ ਰਹੇ ਹਨ।

## ਚਿੱਤਰ ਦਰਸ਼ਨ



## ਬੱਬਾ ਬੱਕਰੀ

### ਯੇ ਉਨ ਦਿਨੋਂ ਕੀ ਬਾਤ ਹੈ ਜਬ ਹਮ ਵਿਹਲੇ ਥੇ

ਸ਼ੌਂਕ ਦਾ ਕੋਈ ਮੁੱਲ ਨਹੀਂ ਹੁੰਦਾ.

ਵਿਹਲਾ ਮਨ ਕਈ ਵਾਰੀ ਨਿਊਟਨ ਦੀ ਤਰਾਂ ਨਵੀਆਂ ਨਵੀਆਂ ਖੋਜਾਂ ਵੀ ਕਰਵਾ ਦਿੰਦਾ ਹੈ ਪ੍ਰਸਿਧ ਕਾਂਗ ਰਸੀ ਨੇਤਾ ਚੰਨੀ ਜੀ ਬੱਕਰੀ ਦਾ ਥਣ ਬੋਤਲ ਵਿੱਚ ਫਿੱਟ ਕਰਨ ਦੀ ਕਸਰਤ ਕਰਦੇ ਹੋਏ.

# ਐਸ.ਐਸ.ਪੀ ਪਟਿਆਲਾ ਨੇ ਆਜ਼ਾਦੀ ਦਿਵਸ ਸਮਾਰੋਹ ਦੀਆਂ ਤਿਆਰੀਆਂ ਲਈ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ



ਐਸ.ਐਸ.ਪੀ ਪਟਿਆਲਾ ਸ੍ਰੀ ਵਰੁਣ ਸ਼ਰਮਾ ਨੇ 15 ਅਗਸਤ ਨੂੰ ਹੋਣ ਵਾਲੇ ਆਜ਼ਾਦੀ ਦਿਵਸ ਸਮਾਰੋਹ ਦੀਆਂ ਤਿਆਰੀਆਂ ਲਈ ਪੋਲੋ ਗਰਾਊਂਡ, ਪਟਿਆਲਾ ਵਿਖੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ,ਉਨ੍ਹਾਂ ਦੇ ਨਾਲ ਐਸ ਪੀ ਸਿਟੀ ਸ੍ਰੀ ਪਲਵਿੰਦਰ ਸਿੰਘ ਚੀਮਾ ਸਮੇਤ ਜਿਲ੍ਹੇ ਦੇ ਹੋਰ ਪੁਲਿਸ ਅਫਸਰ ਵੀ ਮੌਜੂਦ ਸਨ, ਉਨ੍ਹਾਂ ਕਿਹਾ ਕਿ ਅਸੀਂ ਇਸ ਸਮਾਗਮ ਲਈ ਸੁਰੱਖਿਅਤ ਮਾਹੌਲ ਯਕੀਨੀ ਬਣਾਇਆ ਹੈ।







# ਸੱਟੇ ਨੇ ਮਾਂਜ ਦਿੱਤਾ ਸ਼ਿਵ ਸੈਨਿਕ ਹਰੀਸ਼ ਸਿੰਗਲਾ



ਰਿਪੋਰਟ : ਰਾਕੇਸ਼ ਜੈਦਕਾ

ਸੱਟੇਬਾਜ਼ੀ ਨੇ ਕਈ ਘਰ ਬਰਬਾਦ ਕਰ ਦਿੱਤੇ ਹਨ ਇਸੇ ਕੜੀ ਵਿੱਚ ਸੱਟੇ ਜੂਏ ਦੀ ਲਤ ਸ਼ਿਵ ਸੈਨਾ ਮੁਖੀ ਹਰੀਸ਼ ਸਿੰਗਲਾ ਨੂੰ ਲੈ ਬੈਠੀ ਹੈ। ਇੰਨੀ ਦਿਨੀ ਫੇਸਬੁਕ ਤੇ ਇੱਕ ਗੇਮ ਤੀਨ ਪੱਤੀ ਦਾ ਬਹੁਤ ਤੇਜ਼ੀ ਨਾਲ ਪ੍ਰਚਾਰ ਕੀਤਾ ਜਾ ਰਿਹਾ ਹੈ। ਇਹ ਇੱਕ ਸ਼ਰੇਆਮ ਧੋਖਾਧੜੀ ਦਾ ਕਾਰੋਬਾਰ ਹੈ, ਸ਼ਿਵ ਸੈਨਾ ਸ਼ਿੰਦੇ ਦੇ ਪਟਿਆਲਾ ਪ੍ਰਧਾਨ ਹਰੀਸ਼ ਨੇ ਇਸ ਗੇਮ ਤੇ ਸੱਟਾ ਲਾ ਕੇ ਗੇਮ ਖੇਡੀ ਅਤੇ ਤੀਨ ਪੱਤੀ ਖਾਤੇ ਵਿੱਚ 23 ਹਜ਼ਾਰ ਰੁਪਏ ਜਮਾ ਕਰਵਾਏ ਅਤੇ 75 ਹਜਾਰ ਰੁਪਏ ਜਿੱਤੇ, ਫਿਰ ਚੁਸਤੀ ਦਿਖਾਉਂਦੇ ਹੋਏ ਹਰੀਸ਼ ਸਿੰਗਲਾ ਨੇ ਜੂਆ ਖੇਡਣਾ ਬੰਦ ਕਰ ਦਿੱਤਾ ਅਤੇ ਪੈਸੇ ਕਢਵਾਉਣ ਦੀ ਕੋਸ਼ਿਸ਼ ਕੀਤੀ। ਹਰੀਸ਼ ਸਿੰਗਲਾ ਨੇ ਇੱਕ ਵਾਰ 5 ਹਜਾਰ ਰੁਪਏ ਕਢਵਾਏ ਅਤੇ ਦੂਜੀ ਵਾਰ 5 ਹਜਾਰ ਰੁਪਏ ਕਢਵਾਉਣੇ ਚਾਹੇ ਪਰ ਰਕਮ ਪ੍ਰੋਸੈਸਿੰਗ ਵਿੱਚ ਤਾਂ ਚਲੀ ਗਈ ਪਰ ਉਸਦੇ ਖਾਤੇ ਵਿੱਚ ਨਹੀਂ ਆਈ। ਹੁਣ ਵੀ ਹਰੀਸ਼ ਸਿੰਘਲਾ ਦੇ ਖਾਤੇ ਵਿੱਚ ਪੈਣ ਹਜ਼ਾਰ ਰੁਪਏ ਬਕਾਇਆ ਹਨ ਪਰ ਇਹ ਖਾਤੇ ਚੋਂ ਬਾਹਰ ਨਹੀਂ ਆ ਰਹੇ ਹਨ। ਪੈਸੇ ਦੇਣ ਦੀ ਬਜਾਏ ਤੀਨ ਪੱਤੀ ਦੇ ਖਾਈਵਾਲ ਹਰੀਸ਼ ਨੂੰ 22500 ਇੱਕ ਹੋਰ ਜਮਾ ਕਰਵਾਉਣ ਲਈ ਕਹਿ ਰਹੇ ਹਨ ਜਦੋਂ ਕਿ ਹਰੀਸ਼ ਦੇ ਖਾਤੇ ਵਿੱਚ 75 ਹਜ਼ਾਰ ਰੁਪਏ ਜਮਾਂ ਹਨ। ਹੁਣ ਸਿੰਗਲਾ ਫੇਸ ਬੁੱਕ ਤੇ ਹਾਲ ਦੁਹਾਈ ਮਚਾਕੇ ਜਨਤਾ ਤੋਂ ਮਦਦ ਮੰਗ ਰਿਹਾ ਹੈ ਪਰ ਅਬ ਪਛਤਾਏ ਹੋਤ ਕਿਆ ਜਬ ਚਿੜੀਆਂ ਚੁਗ ਗਈ ਖੇਤ।



ਸੱਟੇ ਬਾਜਾਂ ਦੇ ਤਾਜ਼ਾ ਸ਼ਿਕਾਰ ਸ੍ਰੀਮਾਨ ਹਰੀਸ ਸ਼ਿੰਗਲਾ ਜੀ ਪ੍ਰਸਿਧ ਸ਼ਿਵ ਸ਼ੈਨਿਕ